## ਸ਼ਹੀਦ ਬਾਬਾ ਤੇਗਾ ਸਿੰਘ ਜੀ ਤੇ ਬਾਬਾ ਨਛੱਤਰ ਸਿੰਘ ਜੀ ਦੇ ਸਲਾਨਾ ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਮਨੁੱਖਤਾ ਲਈ ਜੋਤਿ ਸਰੂਪ ਸ਼ਹੀਦ ਬਾਬਾ ਤੇਗਾ ਸਿੰਘ ਜੀ



ਪੰਜਾਬ ਰਿਸ਼ੀਆਂ-ਮੁਨੀਆਂ, ਸੰਤਾਂ ਤੇ ਪੀਰਾਂ-ਫਕੀਰਾਂ ਦੀ ਧਰਤੀ ਹੈ। ਇਸ ਦਾ ਚੱਪਾ-ਚੱਪਾ ਭਗਤੀ-ਸ਼ਕਤੀ ਤੇ ਸ਼ਹੀਦਾਂ ਸਿੰਘਾਂ ਦੀਆਂ ਕੁਰਬਾਨੀਆਂ ਦੀ ਹਾਮੀ ਭਰਦਾ ਹੈ। ਇਸ ਧਰਤੀ ਦਾ ਹੀ ਇਕ ਹਿੱਸਾ ਹੈ ਮੋਗਾ ਜ਼ਿਲ੍ਹੇ ਤੋਂ 12 ਕੁ ਕਿਲੋਮੀਟਰ 'ਤੇ ਸਥਿਤ ਪਿੰਡ ਚੰਦ ਪੁਰਾਣਾ। ਪਿੰਡ ਚੰਦ ਪੁਰਾਣਾ ਇਕ ਮਹਾਨ ਯੋਧੇ, ਸੂਰਬੀਰ ਸ਼ਹੀਦ ਬਾਬਾ ਤੇਗਾ ਸਿੰਘ ਜੀ ਦਾ ਜਨਮ ਅਸਥਾਨ ਹੈ। ਬਾਬਾ ਜੀ ਚਾਰ ਭਰਾ ਸਨ। ਬਾਬਾ ਤੇਗਾ ਸਿੰਘ ਜੀ ਸਾਰੇ ਪਰਿਵਾਰ ਵਿਚੋਂ ਸਭ ਤੋਂ ਛੋਟੇ ਸਨ। ਜਿਨ੍ਹਾਂ ਦਾ ਛੋਟੀ ਉਮਰ ਵਿਚ ਹੀ ਗੁਰੂ-ਘਰ ਨਾਲ ਬਹੁਤ ਪਿਆਰ ਸੀ। ਇਹ ਗੁਰੂ-ਘਰ ਦੇ ਸਤਿਸੰਗੀ, ਸਿਮਰਨ ਅਤੇ ਭਜਨ-ਬੰਦਗੀ ਕਰਨ ਵਾਲੇ ਸਨ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਸਾਥੀ ਭਾਈ ਖੁਸ਼ਹਾਲ ਸਿੰਘ ਜੀ ਸਨ। ਉਹ ਬਾਬਾ ਜੀ ਦੇ ਨਾਲ ਹੀ ਰਹਿੰਦੇ ਸਨ। ਬਾਬਾ ਤੇਗਾ ਸਿੰਘ ਜੀ ਜਦੋਂ ਜੁਆਨ ਅਵਸਥਾ ਵਿਚ ਸਨ, ਉਸ ਵੇਲੇ ਹਿੰਦੋਸਤਾਨ 'ਤੇ ਮੁਗ਼ਲਾਂ ਦਾ ਰਾਜ ਸੀ। ਮੁਗ਼ਲ ਬਾਦਸ਼ਾਹੀਆਂ ਕਰਦੇ ਸਨ। ਮੁਗ਼ਲ ਆਪਣੀ ਹਕੂਮਤ ਵਿਚ ਕਿਸੇ ਦੀ ਤਾਕਤ ਬਰਦਾਸ਼ਤ ਨਹੀਂ ਕਰਦੇ ਸਨ। ਮੁਗ਼ਲ ਉਸ ਸਮੇਂ ਬਹੁਤ ਅਯਾਸ਼ੀਆਂ ਕਰਦੇ ਸਨ। ਸਾਡਾ ਇਤਿਹਾਸ ਵੀ ਦੱਸਦਾ ਹੈ ਕਿ ਮੁਗ਼ਲਾਂ ਦੇ ਰਾਜ ਵਿਚ ਇੱਜ਼ਤਾਂ ਸੁਰੱਖਿਅਤ ਨਹੀਂ ਸਨ। ਇਨ੍ਹਾਂ ਪਿੰਡਾਂ ਵਿਚ ਵੀ ਮੁਗ਼ਲ ਆਪਣੀ ਅਯਾਸ਼ੀ ਲਈ ਕੁੜੀਆਂ ਦੀ ਇੱਜ਼ਤ ਜ਼ਬਰਦਸਤੀ ਲੁੱਟ ਲੈਂਦੇ ਸਨ। ਕੋਈ ਵੀ ਪੁੱਛਗਿੱਛ ਨਹੀਂ ਸੀ ਕਿਉਂਕਿ ਸਰਕਾਰੇ-ਦਰਬਾਰੇ ਮੁਗ਼ਲਾਂ ਦਾ ਦਬਦਬਾ ਸੀ। ਕੋਈ ਕੁਝ ਕਹਿਣ ਦੀ ਜੁਰਅਤ ਨਹੀਂ ਕਰਦਾ ਸੀ ਪਰ ਇਹ ਲੁੱਟ-ਖਸੁੱਟ ਦੇਖ ਕੇ ਬਾਬਾ ਜੀ ਇਹ ਸਹਾਰ ਨਾ ਸਕੇ। ਸਾਡੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ ਹੈ ਕਿ ਜ਼ੁਲਮ ਕਰਨ ਵਾਲੇ ਨਾਲੋਂ ਜ਼ੁਲਮ ਸਹਿਣ ਵਾਲਾ ਅਤੇ ਜ਼ੁਲਮ ਹੁੰਦਾ ਵੇਖਣ ਵਾਲਾ ਵੱਧ ਪਾਪੀ ਹੁੰਦਾ ਹੈ। ਇਸੇ ਲਈ ਬਾਬਾ ਤੇਗਾ ਸਿੰਘ ਜੀ ਨੇ ਗੁਰੂ ਜੀ ਅੱਗੇ ਅਰਦਾਸ ਕੀਤੀ ਤੇ ਵੈਰੀਆਂ ਨੂੰ ਸਬਕ ਸਿਖਾਉਣ ਦਾ ਪ੍ਰਣ ਕੀਤਾ। 'ਬਿਰਥੀ ਕਦੇ ਨਾ ਹੋਵਈ, ਜਨ ਕੀ ਅਰਦਾਸਿ ॥' ਮੁਗ਼ਲ ਬਾਦਸ਼ਾਹ ਇਕ ਵਾਰ ਹੱਦਬੰਦੀ 'ਤੇ ਲੋਕਾਂ ਦਾ ਨੁਕਸਾਨ ਕਰਨ ਲਈ ਪਹੁੰਚੇ ਹੀ ਸਨ। ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣੇ ਵਾਲੀ ਹੱਦਬੰਦੀ 'ਤੇ ਮੁਗ਼ਲਾਂ ਨੂੰ ਅੱਗੋਂ ਦੀ ਹੋ ਕੇ ਮਿਲੇ। ਬਾਬਾ ਤੇਗਾ ਸਿੰਘ ਜੀ ਅਤੇ ਉਹਨਾਂ ਦੇ ਸਾਥੀ ਸ. ਖੁਸ਼ਹਾਲ ਸਿੰਘ ਜੀ ਬਾਕੀ ਸਾਥੀਆਂ ਨੇ ਮੁਗ਼ਲਾਂ ਦੀ ਫ਼ੌਜ 'ਤੇ ਹੱਲਾ ਬੋਲ ਦਿੱਤਾ। ਮੁਗ਼ਲ ਫ਼ੌਜਾਂ ਵਿਚ ਭਾਜੜਾਂ ਪੈ ਗਈਆਂ। ਬਾਬਾ ਜੀ ਤੇ ਖੁਸ਼ਹਾਲ ਸਿੰਘ ਜੀ ਦੇ ਸਾਥੀਆਂ ਨੇ ਘਮਸਾਨ ਦੀ ਜੰਗ ਕੀਤੀ। ਬਾਬਾ ਜੀ ਦੇ ਸਾਰੇ ਸਾਥੀ ਅਤੇ ਖੁਸ਼ਹਾਲ ਸਿੰਘ ਜੀ ਜੰਗ ਦੇ ਮੈਦਾਨ ਵਿਚ ਲੜਦੇ-ਲੜਦੇ ਸ਼ਹੀਦੀ ਪਾ ਗਏ। ਬਾਬਾ ਤੇਗਾ ਸਿੰਘ ਜੀ ਸਵਾ ਲੱਖ ਹੀ ਰਹਿ ਗਏ। ਇਕੱਲੇ ਬਾਬਾ ਜੀ ਨੇ ਮੁਗ਼ਲ ਫ਼ੌਜਾਂ ਦਾ ਡੱਟ ਕੇ ਟਾਕਰਾ ਕੀਤਾ। ਫ਼ੌਜਾਂ ਦੇ ਪੈਰ ਹਿੱਲ ਗਏ। ਫ਼ੌਜਾਂ ਦੀ ਕੋਈ ਪੇਸ਼ ਨਾ ਗਈ। ਕੁਝ ਮੁਗ਼ਲ ਫੌਜ ਮਾਰੀ ਗਈ ਤੇ ਬਾਕੀ ਬਚੀ ਮੈਦਾਨ ਵਿਚੋਂ ਭੱਜ ਗਈ।

**ਜੰਮਣ ਮਰਣ ਹੁ ਬਾਹਰੇ ਪਰ ਉਪਕਾਰੀ ਜੱਗ ਵਿਚ ਆਏ**
**ਭਾਓ ਭਗਤਿ ਉਪਦੇਸ਼ ਕਰ ਸਾਧ ਸੰਗਤ ਸੱਚ ਖੰਡ ਵਸਾਏ**

**(ਭਾਈ ਗੁਰਦਾਸ ਵਾਰ 12ਵੀਂ)**

ਬਾਬਾ ਤੇਗਾ ਸਿੰਘ ਜੀ ਉਸ ਲੜਾਈ ਵਿਚ ਸਖ਼ਤ ਜ਼ਖ਼ਮੀ ਹੋ ਗਏ। ਬਾਬਾ ਤੇਗਾ ਸਿੰਘ ਜੀ ਸਖ਼ਤ ਜ਼ਖ਼ਮੀ ਹੋਏ, ਜਿੱਤ ਪ੍ਰਾਪਤ ਕਰਕੇ ਪਿੰਡ ਚੰਦ ਪੁਰਾਣੇ ਵੱਲ ਆ ਰਹੇ ਸਨ। ਰਸਤੇ ਵਿਚ ਜ਼ਖ਼ਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦੀ ਪਾ ਗਏ। ਇਥੇ ਹੀ ਇਸ ਵੇਲੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਨਾਮ 'ਤੇ ਗੁਰਦੁਆਰਾ ਬਣਾਇਆ ਗਿਆ ਹੈ। ਬਾਬਾ ਜੀ ਮਾਨਸ ਚੋਲਾ ਛੱਡ, ਜੋਤ ਪਰਮਾਤਮਾਂ ਦੀ ਜੋਤ ਵਿਚ ਲੀਨ ਹੋ ਗਈ। ਬਾਬਾ ਤੇਗਾ ਸਿੰਘ ਜੀ ਸ਼ਹੀਦੀ ਪਾ ਕੇ ਆਪਣਾ ਨਾਮ ਸੁਨਹਿਰੀ ਅੱਖਰਾਂ ਵਿਚ ਸ਼ਹੀਦਾਂ ਵਿਚ ਦਰਜ ਕਰ ਗਏ। ਬਾਬਾ ਤੇਗਾ ਸਿੰਘ ਜੀ ਸਮਾਜ ਨੂੰ ਇਹ ਵੀ ਦੱਸ ਗਏ ਕਿ ਅਣਖੀ ਯੋਧੇ, ਗੈਰਤਮੰਦ ਇਨਸਾਨ ਦੁਨੀਆਂ ਦੇ ਮਸੀਹੇ ਹਮੇਸ਼ਾ ਹੀ ਸ਼ਹੀਦੀਆਂ ਪਾਉਂਦੇ ਹਨ ਅਤੇ ਕਿਸੇ ਦੀਆਂ ਵਧੀਕੀਆਂ ਨੂੰ ਬਰਦਾਸ਼ਤ ਨਹੀਂ ਕਰਦੇ। ਬਾਬਾ ਤੇਗਾ ਸਿੰਘ ਜੀ ਹੱਕ, ਸੱਚ ਤੇ ਨਿਆਂ ਲਈ ਮਰ ਮਿਟਣ ਦਾ ਸੰਦੇਸ਼ ਦੇ ਗਏ। ਇਸ ਸੰਬੰਧ ਵਿਚ ਇਕ ਲੇਖਕ ਹਰਨੇਕ ਸਿੰਘ ਰੋਡੇ ਨੇ ਲਿਖਿਆ ਹੈ -

**ਸਮਾਂ ਸੱਚ ਹੈ ਸਮਾਂ ਉਪਦੇਸ਼ ਕਰਦਾ।**
**ਯੋਧੇ ਸਮੇਂ ਦੀ ਜਰਕ ਪਛਾਣਦੇ ਨੇ।**
**ਜਦੋਂ ਜ਼ੁਲਮ ਦੀ ਹੱਦ ਇੰਤਹਾ ਹੁੰਦੀ।**
**ਰਾਖੇ ਜ਼ਾਲਮਾਂ ਨੂੰ ਫਿਰ ਪਛਾਣਦੇ ਨੇ।**
**ਪਰਖ ਹੁੰਦੀ ਐ ਜੰਗ ਮੈਦਾਨ ਦੇ ਵਿਚ**
**ਕੌਣ ਗੁਰੂ ਦੇ ਕੌਣ ਸ਼ੈਤਾਨ ਦੇ ਨੇ**
**ਯੋਧੇ ਕਰਨ ਕੁਰਬਾਨੀਆਂ ਹਿੱਕ ਡਾਹ ਕੇ**
**ਮੁਗਲ ਭੱਜਗੇ ਯਾਰ ਕੁਰਾਨ ਦੇ ਨੇ**
**ਤੇਗ 'ਤੇਗੇ' ਦੀ ਖੜਕੀ ਸੀ ਲਾਟ ਬਣਕੇ**
**ਸਾੜੇ ਥੰਭ ਉਹਨੇ ਮੁਗਲੀ ਦਿਵਾਨ ਦੇ ਨੇ**
**ਆਪ ਸ਼ਹੀਦ ਹੋਏ ਮੁਗਲੀ ਵੱਢ ਮਾਰੇ**
**ਮੂੰਹ ਮੋੜ ਤੇ ਜ਼ੁਲਮੀ ਤੂਫਾਨ ਦੇ ਨੇ**
**ਯਾਦ ਉਨ੍ਹਾਂ ਦੀ ਅਮਰ ਹੈ ਜਗਤ ਉਤੇ**
**ਪੰਨੇ ਬੋਲਦੇ ਗ੍ਰੰਥ ਪੁਰਾਣ ਦੇ ਨੇ।**

ਗੁਰਦੁਆਰਾ ਸਾਹਿਬ ਦੇ ਇਕ ਪਾਸੇ ਬਾਬਾ ਤੇਗਾ ਸਿੰਘ ਜੀ ਦਾ ਅੰਗੀਠਾ ਸਾਹਿਬ ਵੀ ਬਣਿਆ ਹੋਇਆ ਹੈ ਜਿਥੇ ਸੰਗਤਾਂ ਸੁਖਣਾ ਸੁਖ ਕੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਦੀਆਂ ਹਨ। ਸ਼ਹੀਦ ਬਾਬਾ ਤੇਗਾ ਸਿੰਘ ਜੀ ਦਾ ਅੰਗੀਠਾ ਸਾਹਿਬ 'ਤੇ ਹਰ ਸਾਲ ਸੰਗਤ ਮਿੱਟੀ ਕੱਢਦੀ ਹੈ। ਪਹਿਲਾਂ ਤੋਂ ਹੀ ਜੋ ਸੰਗਤ ਮਿੱਟੀ ਕੱਢਦੀ ਹੈ, ਉਹ ਅੱਜ ਵੀ ਦੂਰੋਂ-ਦੂਰੋਂ ਉਨ੍ਹਾਂ ਦੀ ਅੰਗੀਠਾ ਸਾਹਿਬ ਤੇ'- ਮਿੱਟੀ ਕੱਢਣ ਆਉਂਦੀ ਹੈ। ਕੋਈ ਰੋਕ-ਟੋਕ ਨਹੀਂ ਹੈ। ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਗੁਰਦੁਆਰੇ ਦੀ ਸਾਰੀ ਉਸਾਰੀ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਕਰਵਾਈ ਹੈ।

ਭਵਨਦੀਪ ਸਿੰਘ ਪੁਰਬਾ

# ਲੋਕ ਸੇਵਾ ਨੂੰ ਸਮਰਪਿਤ ਸਨ ਬਾਬਾ ਨਛੱਤਰ ਸਿੰਘ ਜੀ



**ਜਨਮ ਮਰਣੁ ਦੁਹਹੂ ਮਹਿ ਨਾਹੀ**
**ਜਨੁ ਪਰਉਪਕਾਰੀ ਆਏ॥**
**ਜੀਅ ਦਾਨ ਦੇ ਭਗਤੀ ਲਾਇਨਿ**
**ਹਰ ਸਿਉ ਲੈਨਿ ਮਿਲਾਏ॥**

ਕੁਝ ਸ਼ਖ਼ਸ਼ੀਅਤਾਂ ਅਜਿਹੀਆਂ ਹੁੰਦੀਆਂ ਹਨ ਜੋ 'ਵਿਚਿ ਦੁਨੀਆ ਸੇਵ ਕਮਾਈਏ' ਦੇ ਮਹਾਂਵਾਕ ਅਨੁਸਾਰ ਆਪਣਾ ਤਨ, ਮਨ, ਧਨ ਸਭ ਕੁਝ ਲੋਕ ਸੇਵਾ ਵਿਚ ਲਗਾ ਦਿੰਦੀਆਂ ਹਨ। ਜਿਨ੍ਹਾਂ ਨੇ ਆਪਣੀ ਸਮੁੱਚੀ ਜ਼ਿੰਦਗੀ ਲੋਕ ਸੇਵਾ ਹਿੱਤ ਲਗਾ ਦਿੱਤੀ ਉਨ੍ਹਾਂ ਦੇ ਜੀਵਨ ਦਾ ਹਰ ਸਾਹ ਮਨੁੱਖਤਾ ਦੇ ਦਿਲ ਦੀ ਧੜਕਣ ਬਣ ਜਾਂਦਾ ਹੈ। ਆਪਣੀ ਸਮੁੱਚੀ ਜ਼ਿੰਦਗੀ ਲੋਕ ਸੇਵਾ ਨੂੰ ਸਮਰਪਿਤ ਕਰਨ ਵਾਲੀ ਅਜਿਹੀ ਹੀ ਮਹਾਨ ਸ਼ਖ਼ਸ਼ੀਅਤ ਸੀ ਸੰਤ ਬਾਬਾ ਨਛੱਤਰ ਸਿੰਘ ਜੀ। ਸੰਤ ਬਾਬਾ ਨਛੱਤਰ ਸਿੰਘ ਜੀ ਸਾਡੇ ਲਈ ਸਤਿਕਾਰ ਅਤੇ ਮਾਣਯੋਗ ਸ਼ਖ਼ਸ਼ੀਅਤ ਸਨ। ਹਰ ਵੇਲੇ ਬਾਬਾ ਜੀ ਦੇ ਮੂੰਹੋਂ ਸੰਗਤਾਂ ਲਈ ਇਹ ਹੀ ਸ਼ਬਦ ਸੁਣਨ ਨੂੰ ਮਿਲਦੇ ਸਨ ਕਿ ਭਾਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰੋ, ਇਹ ਹੀ ਸਾਡਾ ਸੱਚਾ ਗੁਰੂ ਹੈ, ਬੁਰੇ ਕੰਮਾਂ ਤੋਂ ਬਚੋ, ਗੁਰੂ ਘਰ ਦੀ ਸੇਵਾ ਕਰਿਆ ਕਰੋ, ਮਾਤਾ ਪਿਤਾ ਦੀ ਸੇਵਾ ਵਰਗਾ ਕੋਈ ਪੁੰਨ ਨਹੀਂ ਹੈ, ਬਾਣੀ ਸਾਨੂੰ ਗੁਰੂ ਨਾਲ ਜੋੜਦੀ ਹੈ.... ਇਹ ਉੱਚੇ ਤੇ ਸੁੱਚੇ ਵਿਚਾਰਾਂ ਦੇ ਮਾਲਕ ਬਾਬਾ ਨਛੱਤਰ ਸਿੰਘ ਜੀ ਦਾ ਜਨਮ ਮੋਗਾ ਜ਼ਿਲ੍ਹਾ ਦੇ ਪਿੰਡ ਚੰਦ ਪੁਰਾਣੇ ਵਿਚ ਮਾਤਾ ਸਰਦਾਰਨੀ ਮੁਖਤਿਆਰ ਕੌਰ ਦੀ ਭਾਗਾਂ ਭਰੀ ਕੁੱਖੋਂ ਪਿਤਾ ਸਵ. ਸ. ਭਜਨ ਸਿੰਘ ਦੇ ਘਰ 12-2-1969 ਨੂੰ ਹੋਇਆ, ਆਪ ਜੀ ਦੇ ਦੋ ਭਾਈ ਹਨ, ਵੱਡਾ ਭਾਈ ਚਮਕੌਰ ਸਿੰਘ ਅਤੇ ਛੋਟਾ ਭਾਈ ਗੁਰਦੀਪ ਸਿੰਘ। ਬਾਬਾ ਜੀ ਦੇ ਪਿਤਾ ਸਵ. ਸ. ਭਜਨ ਸਿੰਘ ਬੇਸ਼ੱਕ ਜੱਟ ਬਰਾਦਰੀ ਨਾਲ ਸਬੰਧਤ ਹੋਣ ਕਰਕੇ ਖੇਤੀਬਾੜੀ ਦਾ ਕਿੱਤਾ ਕਰਦੇ ਸਨ, ਪਰ ਉਹਨਾਂ ਦਾ ਸੁਭਾਅ ਸਾਧੂਆਂ ਦੇ ਸੁਭਾਅ ਵਰਗਾ, ਉਹ ਅੰਤਾਂ ਦੀ ਨਿਮਰਤਾ ਦੇ ਮਾਲਕ ਸਨ, ਉਹ ਖੇਤੀ ਦਾ ਕੰਮ ਬੜੀ ਮਿਹਨਤ ਤੇ ਲਗਨ ਨਾਲ ਕਰਦੇ ਸਨ, ਹਰ ਵੇਲੇ ਰੱਬ ਦਾ ਨਾਮ ਧਿਆਈ ਜਾਣਾ ਹੀ ਉਹਨਾਂ ਦਾ ਮੁੱਢਲਾ ਫਰਜ਼ ਸੀ। ਆਪਣੇ ਪਿਤਾ ਵਾਂਗ ਹੀ ਇਹ ਜਾਗ ਉਹਨਾਂ ਦੇ ਸਪੁੱਤਰ ਸ. ਨਛੱਤਰ ਸਿੰਘ ਨੂੰ ਲੱਗ ਗਈ, ਬਾਬਾ ਨਛੱਤਰ ਸਿੰਘ ਜੀ ਦੇ ਨਿਸ਼ਕਾਮ ਸੇਵਕ ਹੋਣ ਦੀ ਝਲਕ ਵਿਚੋਂ ਸਾਨੂੰ ਉਹਨਾਂ ਦੀ ਮਾਤਾ ਸਰਦਾਰਨੀ ਮੁਖਤਿਆਰ ਕੌਰ ਦੇ ਅਣਮੁੱਲੇ ਜੀਵਨ ਦੀ ਝਲਕ ਮਿਲਦੀ ਹੈ।

**ਆਪਣੇ ਵਡੇਰਿਆਂ ਦੇ ਜੋ ਸਾਕੇ ਯਾਦ ਰੱਖਣ ਮਨਮਾਹੀ।**
**ਉਹ ਤੇਜ਼ ਖਿਲਾਰਨ ਆਪਣਾ, ਜਿਉ ਸੂਰਜ ਰੁਸ਼ਨਾਈ।**

ਬਾਬਾ ਜੀ ਬਚਪਨ ਤੋਂ ਹੀ ਪਿੰਡੋਂ ਬਾਹਰ ਖੇਤਾਂ ਵਿਚ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਅਸਥਾਨ ਤੇ ਆਪ ਸੇਵਾ ਕਰਨ ਜਾਂਦੇ ਸਨ, ਬਾਬਾ ਨਛੱਤਰ ਸਿੰਘ ਜੀ ਪ੍ਰਭੂ ਭਗਤੀ ਵਿਚ ਵਿਸ਼ਵਾਸ ਰੱਖਦੇ ਸਨ, ਬਾਬਾ ਤੇਗਾ ਸਿੰਘ ਜੀ ਦੇ ਅਸਥਾਨ ਦੀ ਮੰਨਤਾ ਲੋਕ ਬਹੁਤ ਪਹਿਲਾਂ ਤੋਂ ਕਰਦੇ ਸਨ। ਬਾਬਾ ਜੀ ਦੇ ਪਿਤਾ ਜੀ ਵੀ ਇਸ ਅਸਥਾਨ ਤੇ ਸੇਵਾ ਕਰਨ ਆਉਂਦੇ ਸਨ, ਉਹਨਾਂ ਦੇ ਸਵਰਗਵਾਸ ਹੋਣ ਤੋਂ ਪਿੱਛੋਂ ਬਾਬਾ ਜੀ ਆਪ ਸੇਵਾ ਕਰਨ ਲੱਗ ਪਏ, ਬਾਬਾ ਜੀ ਹਮੇਸ਼ਾ ਹੀ ਸੇਵਾ ਕਰਨ ਜਾਂਦੇ ਸਨ ਇਕ ਦਿਨ ਸੇਵਾ ਕਰਦਿਆਂ ਕਰਦਿਆਂ ਬਾਬਾ ਜੀ ਨੂੰ ਆਪ-ਮੁਹਾਰੇ ਅਵਾਜ਼ ਆਈ ਕਿ ਭਾਈ ਤੁਸੀਂ ਇੱਥੇ ਰਹਿ ਕੇ ਸੇਵਾ ਕਰੋ, ਅਸੀਂ ਤੁਹਾਡੇ ਅੰਗ-ਸੰਗ ਹਾਂ। ਪਰਮਾਤਮਾਂ ਵਲੋਂ ਹੋਏ ਇਸ ਅਨੁਭਵ ਦੇ ਤਹਿਤ, ਬਾਬਾ ਜੀ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਦੀ ਸੇਵਾ ਕਰਨ ਦਾ ਫੁਰਨਾ ਬਣਾ ਲਿਆ। ਸੰਸਾਰ ਤਾਂ ਭਰਿਆ ਹੀ ਦੁੱਖਾਂ-ਦਰਦਾਂ ਨਾਲ ਪਿਆ ਹੈ। ਸੰਸਾਰ ਵਿਚ ਅਜਿਹਾ ਕੋਈ ਪ੍ਰਾਣੀ ਨਹੀਂ, ਜਿਸ ਨੂੰ ਕੋਈ ਦੁੱਖ ਨਾ ਹੋਵੇ, ਸੰਸਾਰ ਤਾਂ ਦੁੱਖਾਂ ਦੀ ਨਿਆਈ ਹੈ, ਸਮੇਂ-ਸਮੇਂ ਤੇ ਦੁਖੀ ਜੀਵਾਂ ਨੂੰ ਸੰਤ ਹੀ ਬਚਾਉਂਦੇ ਹਨ। ਜਿਹੜੇ ਜੀਵ ਜ਼ਿੰਦਗੀ ਜੀਣ ਤੋਂ ਅਸਮਰੱਥ ਹੋ ਜਾਂਦੇ ਹਨ, ਜਿਹੜੇ ਉਪਰਾਮ ਰਹਿਣ ਲੱਗ ਜਾਂਦੇ ਹਨ ਉਹਨਾਂ ਨੂੰ ਸੰਤ ਹੀ ਬਚਾਉਂਦੇ ਹਨ। ਸੰਤ ਹੀ ਜ਼ਿੰਦਗੀ ਜਿਉਣ ਦੀ ਜਾਂਚ ਦੱਸਦੇ ਹਨ, ਸੱਚੇ ਸੰਤ ਦਾ ਤਾਂ ਫਰਜ਼ ਹੈ - "ਸੰਤ ਕਾ ਮਾਰਗੁ ਧਰਮ ਕੀ ਪਾਉੜੀ...। ਸੰਤਾਂ ਦਾ ਫਰਜ਼ ਹੈ ਕਿ ਲੋਕਾਂ ਨੂੰ ਹੱਕ, ਸੱਚ ਤੇ ਨਿਆਂ ਲਈ ਸੁਚੇਤ ਕਰਦੇ ਰਹਿਣਾ, ਆਪਣੇ ਧਰਮ 'ਚ ਰਹਿ ਕੇ ਲੋਕਾਂ ਨੂੰ ਧਰਮੀ ਬਣਾਉਣਾ, ਫਿਰ ਬਾਬਾ ਨਛੱਤਰ ਸਿੰਘ ਜੀ ਨੇ ਇਸ ਅਸਥਾਨ ਦੀ ਸੇਵਾ ਆਪ ਕਰਵਾਈ, ਇਸ ਜਗ੍ਹਾ ਤੇ ਜੋ ਵੀ ਪ੍ਰਾਣੀ ਸੁਖਣਾ ਸੁੱਖਦਾ, ਉਸ ਦੀ ਅਰਦਾਸ ਪੂਰੀ ਹੋ ਜਾਂਦੀ। ਬਾਬਾ ਜੀ ਨੇ 1994 ਵਿਚ ਸੇਵਾ ਸੰਭਾਲਦਿਆਂ ਹੀ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਬਦਲ ਦਿੱਤਾ। ਗੁਰਦੁਆਰੇ ਸਾਹਿਬ ਦਾ ਨਾਮ ਸ਼ਹੀਦ ਬਾਬਾ ਤੇਗਾ ਸਿੰਘ ਜੀ ਰੱਖਿਆ। ਬਾਬਾ ਜੀ ਨੇ ਹੱਥੀ ਸੰਗਤਾਂ ਨਾਲ ਸੇਵਾ ਕਰਵਾਈ ਤੇ ਅੱਜ ਮਾਲਵੇ ਦੇ ਇਸ ਪ੍ਰਸਿੱਧ ਇਤਿਹਾਸਕ ਅਸਥਾਨ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਗੁਰਦੁਆਰੇ ਵਿਚ ਹਰੇਕ ਧਰਮ ਦੇ ਲੋਕ ਆਉਂਦੇ ਹਨ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਜਦੋਂ ਮਰਜ਼ੀ ਆ ਸਕਦਾ ਹੈ।

ਇਸ ਪਵਿੱਤਰ ਅਸਥਾਨ ਦੇ ਦਰਵਾਜ਼ੇ ਹਰੇਕ ਧਰਮ ਲਈ ਖੁੱਲ੍ਹੇ ਹਨ ਬਾਬਾ ਜੀ ਸੰਗਤਾਂ ਨੂੰ ਬੇਨਤੀ ਕਰਦੇ ਸਨ ਕਿ ਨਿੰਦਿਆ ਚੁਗਲੀ ਵਰਗੇ ਭੈੜੇ ਕੰਮਾਂ ਤੋਂ ਸਾਨੂੰ ਬਚਨਾ ਚਾਹੀਦਾ ਹੈ। ਧਾਗੇ-ਤਵੀਤਾਂ ਤੋਂ ਬਚਨਾ ਚਾਹੀਦਾ ਹੈ ਸਾਨੂੰ ਗੁਰੂ ਦੇ ਲੜ ਲੱਗ ਕੇ ਆਪਣੇ ਜੀਵਨ ਨੂੰ ਸਫਲ ਬਣਾਉਣਾ ਚਾਹੀਦਾ ਹੈ। ਵਹਿਮਾਂ-ਭਰਮਾਂ ਤੋਂ ਬਾਹਰ ਨਿਕਲ ਕੇ ਗੁਰੂ ਘਰ ਦੀ ਸੇਵਾ ਕਰਨੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਚਾਹੀਦਾ ਹੈ, ਤਾਂ ਹੀ ਸਾਡਾ ਇਥੇ ਜੱਗ ਤੇ ਆਇਆਂ ਦਾ ਫਾਇਦਾ ਹੈ। ਬਾਬਾ ਨਛੱਤਰ ਸਿੰਘ ਜੀ ਸੰਗਤਾਂ ਨੂੰ ਦਸਾਂ ਨੌਹਾਂ ਦੀ ਕਮਾਈ ਕਰਨ ਦਾ ਉਪਦੇਸ਼ ਦਿੰਦੇ ਸਨ, ਉਹ ਫੁਰਮਾਉਂਦੇ ਸਨ ਕਿ ਕਰਨਾ ਸਿੱਖੀ ਦਾ ਪ੍ਰਚਾਰ ਸਾਰੀ ਦੁਨੀਆਂ ਦੇ ਵਿਚਕਾਰ, ਅੱਜ ਇਸ ਅਸਥਾਨ ਦੀ ਦੂਰ-ਦੂਰ ਤੱਕ ਸ਼ੋਭਾ ਹੈ।

## ਉੱਘੇ ਸਮਾਜ ਸੇਵੀ ਹਨ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣਾ



ਪੰਜਾਬ ਦੀ ਇਸ ਪਵਿੱਤਰ ਧਰਤੀ ਤੇ ਜਿਥੇ ਸਾਡੇ ਗੁਰੂ ਸਾਹਿਬਾਨਾ, ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ ਨੇ ਜਨਮ ਲਿਆ ਉਥੇ ਮਾਲਵੇ ਦੀ ਇਸ ਪਵਿੱਤਰ ਧਰਤੀ ਦੇ ਆਪਣੇ ਸਮੇਂ ਦੇ ਸੂਰਬੀਰ ਜੋਧੇ ਸ਼ਹੀਦ ਬਾਬਾ ਤੇਗਾ ਸਿੰਘ ਜੀ (ਬਖੂਹੇ) ਵਾਲਿਆਂ ਨੇ ਜਨਮ ਲਿਆ, ਜਿਨ੍ਹਾ ਨੇ ਆਪਣਾ ਜੀਵਨ ਸਿਮਰਨ ਸੇਵਾ ਵਿਚ ਬਤੀਤ ਕਰਦਿਆਂ ਅਤੇ ਮੁਗਲਾਂ ਨਾਲ ਟੱਕਰ ਲੈਂਦਿਆਂ ਧਰਮ ਦੀ ਖਾਤਰ ਕੁਰਬਾਨ ਕਰ ਦਿੱਤਾ। ਉਨ੍ਹਾਂ ਦਾ ਇਹ ਪਵਿੱਤਰ ਅਸਥਾਨ ਮੋਗੇ ਤੋਂ 12 ਕਿਲੋਮੀਟਰ ਦੂਰ ਮੋਗਾ-ਕੋਟਕਪੂਰਾ ਰੋਡ ਉਪਰ ਪਿੰਡ ਚੰਦ ਪੁਰਾਣਾ ਦੇ ਬਾਹਰਲੇ ਪਾਸੇ ਮੁੱਖ ਸੜਕ ਤੋ ਥੋੜਾ ਹੱਟ ਕੇ ਸੁਸ਼ੋਭਿਤ ਹੈ, ਜਿਥੇ ਰੋਜ਼ਾਨਾ ਪੰਜਾਬ ਭਰ 'ਚੋਂ ਸੰਗਤਾਂ ਸ਼ਹੀਦਾਂ ਦੇ ਇਸ ਪਵਿੱਤਰ ਅਸਥਾਨ ਤੇ ਆ ਕੇ ਨਤਮਸਤਕ ਹੁੰਦੀਆਂ ਹਨ, ਇਸ ਪਵਿੱਤਰ ਅਸਥਾਨ ਦੀ ਸੇਵਾ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਜੀ ਮੁੱਖ ਸੇਵਾਦਾਰ ਵਜੋਂ ਨਿਭਾ ਰਹੇ ਹਨ। ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਅਸ਼ੀਰਵਾਦ ਸਦਕਾ ਇਸ 4 ਮਰਲੇ ਦੇ ਛੋਟੇ ਜਿਹੇ ਪਵਿੱਤਰ ਅਸਥਾਨ ਦੀ ਸੇਵਾ ਪੂਰਨ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਅਰੰਭੀ, ਜਿਨ੍ਹਾ ਦਾ ਜਨਮ ਚੰਦ ਪੁਰਾਨਾ ਨਿਵਾਸੀ ਸਾਧੂ ਸੁਭਾਅ ਦੇ ਮਾਲਕ ਬਾਬਾ ਭਜਨ ਸਿੰਘ ਦੇ ਘਰ ਮਾਤਾ ਮੁਖਤਿਆਰ ਕੌਰ ਦੇ ਕੁੱਖੋਂ ਹੋਇਆ, ਨਿਮਰਤਾ ਦੇ ਪੁੰਜ ਕਹਿਣੀ ਤੇ ਕਰਨੀ ਦੇ ਪੂਰਨ ਸੰਤ ਬਾਬਾ ਨਛੱਤਰ ਸਿੰਘ ਜੀ ਨੇ ਇਸ ਪਵਿੱਤਰ ਅਸਥਾਨ ਦਾ ਵਿਸਥਾਰ ਕਰਕੇ ਇਸ ਨੂੰ 9 ਏਕੜ ਵਿਚ ਸੰਗਤਾਂ ਦੇ ਸਹਿਯੋਗ ਨਾਲ ਮਾਲਵੇ ਦਾ ਪ੍ਰਸਿੱਧ ਧਾਰਮਿਕ ਅਤੇ ਸਿੱਖੀ ਦਾ ਪ੍ਰਚਾਰਿਕ ਕੇਂਦਰ ਬਣਾ ਦਿੱਤਾ, ਜੰਗਲ ਵਿਚ ਮੰਗਲ ਲਾ ਕੇ ਆਪਣਾ ਸਾਰਾ ਜੀਵਨ ਲੋਕ ਭਲਾਈ ਦੇ ਕੰਮਾਂ, ਧਰਮ ਪ੍ਰਚਾਰ ਨੂੰ ਸਮਰਪਿਤ ਕਰਕੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ, ਆਪ ਜੀ ਖੁਦ ਇਸ ਸੰਸਾਰੀ ਦੁਨੀਆ ਤੋਂ 18 ਜੂਨ 2011 ਨੂੰ ਪੰਜਭੌਤਿਕ ਸਰੀਰ ਦਾ ਤਿਆਗ ਕਰਕੇ ਵਾਹਿਗੁਰੂ ਜੀ ਦੇ ਚਰਨਾ 'ਚ ਜਾ ਬਿਰਾਜੇ, ਉਨ੍ਹਾਂ ਦੇ ਲੱਖਾਂ ਸ਼ਰਧਾਲੂ ਅੱਜ ਵੀ ਉਨ੍ਹਾਂ ਦੀ ਹੋਂਦ ਮਹਿਸੂਸ ਕਰ ਰਹੇ ਹਨ।

ਇਸ ਪਵਿੱਤਰ ਅਸਥਾਨ ਦੀ ਸੇਵਾ ਅੱਜ ਕੱਲ ਬਾਬਾ ਜੀ ਦੇ ਛੋਟੇ ਭਰਾਤਾ ਸੰਤ ਬਾਬਾ ਗੁਰਦੀਪ ਸਿੰਘ ਕਰਵਾ ਰਹੇ ਹਨ। ਇਸ ਪਵਿੱਤਰ ਅਸਥਾਨ ਤੇ ਮਾਲਵਾ ਦਾ ਸਭ ਤੋਂ ਵੱਡਾ ਬਿਰਧ ਆਸ਼ਰਮ ਹੈ ਜਿਥੇ ਅਨੇਕਾਂ ਬਜ਼ੁਰਗਾਂ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਇਸ ਦੇ ਇਲਾਵਾ ਹਰ ਮਹੀਨੇ 350 ਗਰੀਬ, ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਣਾ, ਗਰੀਬ ਲੜਕੀਆਂ ਦੇ ਵਿਆਹ ਕਰਨੇ, ਕਬੱਡੀ ਟੂਰਨਾਮੈਂਟ ਕਰਵਾਉਣੇ, ਜਿਸ ਵਿਚ ਗੱਡੀਆਂ, ਮੋਟਰ ਸਾਈਕਲ, ਮੱਝਾਂ, ਘੋੜੇ ਇਨਾਮਾਂ ਵਿਚ ਦੇਣੇ, ਪਿੰਡਾਂ ਦੇ ਮੌਜੂਦਾ ਸਰਪੰਚਾਂ ਦੀਆਂ ਦੌੜਾਂ ਕਰਵਾਉਣੀਆਂ, ਸਕੂਲਾਂ ਵਿਚ ਬੱਚਿਆਂ ਨੂੰ ਕਾਪੀਆਂ, ਪਿੰਨ, ਬੂਟ ਵੰਡਣੇ ਅਤੇ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆ ਨੂੰ ਸੋਨੇ ਦੇ ਮੈਡਲ ਦੇਣੇ, ਭਰੂਣ ਹੱਤਿਆ ਨੂੰ ਰੋਕਣ ਲਈ ਲੋਹੜੀ ਮਾਘੀ ਤੇ ਕੇਸਰੀ ਦੁਪੱਟੇ ਵੰਡ ਕੇ ਸੰਗਤਾ ਨੂੰ ਪ੍ਰੇਰਿਤ ਕਰਨਾ, ਅੰਗਹੀਣਾ ਨੂੰ ਹਰ ਸਾਲ ਵੱਡੀ ਗਿਣਤੀ ਵਿਚ ਟਰਾਈ ਸਾਈਕਲ, ਬਜ਼ੁਰਗਾਂ ਨੂੰ ਵਾਕਰ, ਖਰੋੜੀਆਂ ਵੰਡੀਆਂ ਜਾਂਦੀਆਂ ਹਨ, ਪੂਰਨਮਾਸੀ ਦੇ ਦਿਹਾੜੇ ਤੇ ਪੰਜ ਪਿਆਰਿਆਂ ਵਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ ਪੰਜ ਕਕਾਰ ਗੁਰਦੁਆਰਾ ਸਾਹਿਬ ਵਲੋਂ ਮੁਫਤ ਦਿੱਤੇ ਜਾਂਦੇ ਹਨ, 20 ਕਿਲੋਮੀਟਰ ਤੋਂ ਆਉਣ ਵਾਲੇ ਸ਼ਰਧਾਲੂਆ ਨੂੰ ਕਿਰਾਇਆ ਵੀ ਦਿੱਤਾ ਜਾਂਦਾ ਹੈ ਤਾਂਕਿ ਉਹ ਗੁਰੂ ਘਰ ਨਾਲ ਜੁੜੇ ਰਹਿਣ। ਇਸੇ ਕਰਕੇ ਇਹ ਅਸਥਾਨ ਮਨੁੱਖਤਾ ਦੀ ਭਲਾਈ ਦਾ ਕੇਂਦਰ ਕਰਕੇ ਜਾਣਿਆ ਜਾਂਦਾ ਹੈ। ਇਸ ਅਸਥਾਨ ਤੇ ਸ਼ਰਧਾਲੂਆ ਵਲੋਂ ਸ੍ਰੀ ਸਾਹਿਜ ਪਾਠਾਂ ਦੀ ਲੜੀ ਅਤੇ ਸ੍ਰੀ ਅਖੰਡ ਪਾਠਾਂ ਦੀ ਲੜੀ ਨਿਰੰਤਰ ਚਲਦੀ ਰਹਿੰਦੀ ਹੈ ਹਰ ਪੂਰਨਮਾਸ਼ੀ ਦੇ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਇਥੇ ਗੁਰੂ ਕੇ ਲੰਗਰ 24 ਘੰਟੇ ਚੱਲਦੇ ਹਨ, ਇੱਥੋਂ ਆਉਣ ਵਾਲੀਆਂ ਸੰਗਤਾਂ ਦੇ ਭਲੇ ਖਾਤਰ ਹਮੇਸ਼ਾ ਗੁਰੂ ਅੱਗੇ ਅਰਦਾਸਾਂ ਕਰਕੇ ਭਲਾ ਮੰਗਿਆ ਜਾਂਦਾ ਹੈ। ਇੱਥੇ ਅਨੇਕਾਂ ਪ੍ਰਾਣੀਆਂ ਦੇ ਦੁੱਖ ਕੱਟੇ ਗਏ ਅਜਿਹੀ ਮਾਨਤਾ ਹੈ। ਇਸ ਜਗ੍ਹਾ ਤੇ ਸ਼ੀਸ਼ੇ ਦਾ ਬਣਿਆ ਦਰਬਾਰ ਹਾਲ ਦੇਖਣਯੋਗ ਹੈ ਜੋ ਕਿ 1 ਸਾਲ ਵਿਚ ਪੰਜ ਮੰਜਿਲਾ ਤਿਆਰ ਹੋਇਆ, ਜਿਸ ਦੀ ਮਿਸਾਲ ਦੁਨੀਆ ਵਿਚ ਨਹੀਂ ਮਿਲਦੀ। ਇਸ ਅਸਥਾਨ ਤੇ ਬਣੇ ਸਰੋਵਰ ਵਿਚ ਵੱਖ-ਵੱਖ ਤੀਰਥ ਅਸਥਾਨਾ ਦਾ ਜਲ ਪਾਇਆ ਗਿਆ ਹੈ, ਜਿੱਥੇ ਹਮੇਸ਼ਾ ਗੁਰਬਾਣੀ ਦੀ ਅਵਾਜ਼ ਆਉਂਦੀ ਰਹਿੰਦੀ ਹੈ। ਸੰਤ ਬਾਬਾ ਗੁਰਦੀਪ ਸਿੰਘ ਹਮੇਸ਼ਾ ਭਲਾਈ ਦੇ ਕਾਰਜਾਂ ਵਿਚ ਲੱਗੇ ਰਹਿੰਦੇ ਹਨ। ਮੇਨ ਰਸਤੇ ਦੇ ਸ਼ੁਰੂ ਵਿਚ ਆਲੀਸ਼ਾਨ ਗੇਟ ਸ਼ੁਸ਼ੋਭਿਤ ਹੈ। ਸਿੱਖੀ ਦੇ ਪ੍ਰਚਾਰ ਲਈ ਧਰਮ ਦੇ ਵਿਰਸੇ ਨਾਲ ਸਬੰਧਿਤ ਅਜੈਬ ਘਰ ਵੀ ਬਣਾਇਆ ਗਿਆ ਹੈ, ਜਿਸ ਨੂੰ ਵੇਖ ਕੇ ਸੰਗਤਾਂ ਨੂੰ ਸਿੰਘਾਂ ਦੀਆਂ ਕੁਰਬਾਨੀਆਂ ਯਾਦ ਆਉਂਦੀਆਂ ਹਨ ਅਤੇ ਸਿੱਖ ਕੌਮ ਦੇ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ। ਇਥੇ 40 ਫੁੱਟ ਉੱਚੀ ਪਹਾੜੀ ਤੇ ਬਾਬਾ ਸ਼ੇਖ ਫ਼ਰੀਦ ਜੀ ਦੀ ਯਾਦਗਾਰ ਵੀ ਬਣਾਈ ਗਈ ਹੈ। ਬਾਬਾ ਗੁਰਦੀਪ ਸਿੰਘ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾ ਨੂੰ ਖੇਡਾ ਵੱਲ ਪ੍ਰੇਰਿਤ ਕੀਤਾ ਜਾਂਦਾ ਹੈ ਅਤੇ ਹਰ ਮਹੀਨੇ ਕੋਈ ਨਾ ਕੋਈ ਮੈਡੀਕਲ ਕੈਂਪ ਵੀ ਲਾਇਆ ਜਾਂਦਾ ਹੈ। ਇਸ ਪਵਿੱਤਰ ਅਸਥਾਨ ਤੇ ਦੋ ਪੁਰਾਤਨ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਛੋਟੇ ਸਰੂਪ ਵੀ ਮੌਜੂਦ ਹੈ, ਜਿਨ੍ਹਾਂ ਦਾ ਅਕਾਰ 1 ਇਚ ਤੇ ਢਾਈ ਇਚ ਹੈ, ਜਿਨ੍ਹਾਂ ਦੇ ਦਰਸ਼ਨ ਹਰ ਪੂਰਨਮਾਸ਼ੀ ਦੇ ਕਰਵਾਏ ਜਾਂਦੇ ਹਨ। ਇਸ ਅਸਥਾਨ ਤੇ ਦੇਸ਼ ਦੇ ਕੋਨੇ-ਕੋਨੇ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਆਉਂਦੀਆਂ ਹਨ। ਇਥੇ ਆਉਣ ਵਾਲੇ ਸ਼ਰਧਾਲੂਆ ਦੇ ਰਾਤ ਰਹਿਣ ਦਾ ਵੀ ਵਿਸ਼ੇਸ਼ ਪ੍ਰਬੰਧ ਹਨ ਅਤੇ ਹਰ ਧਰਮ ਦੇ ਲੋਕਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਹਰ ਸਾਲ ਦੀ ਤਰ੍ਹਾਂ ਸਲਾਨਾ ਸ਼ਹੀਦੀ ਜੋੜ ਮੇਲਾ ਇਸ ਸਾਲ ਵੀ 8 ਮਾਰਚ 24 ਫੱਗਣ ਦਿਨ ਐਤਵਾਰ ਨੂੰ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ, ਜਿਥੇ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦਾ ਇਕੱਠ ਹੁੰਦਾ ਹੈ ਤੇ ਜਹਾਜ ਰਾਹੀ ਨਗਰ ਕੀਰਤਨ ਤੇ ਫੁੱਲਾ ਦੀ ਵਰ੍ਹਖਾ ਕੀਤੀ ਜਾਂਦੀ ਹੈ। ਸੰਤ ਬਾਬਾ ਗੁਰਦੀਪ ਸਿੰਘ ਜੀ ਵੱਲੋ ਇਥੇ ਅਨੇਕਾਂ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ ਤੇ ਹਰ ਧਰਮ ਦਾ ਇਥੇ ਸਤਿਕਾਰ ਕੀਤਾ ਜਾਂਦਾ ਹੈ। ਅੱਜ ਇਹ ਅਸਥਾਨ ਮਾਲਵਾ 'ਚੋਂ ਸਿੱਖੀ ਦਾ ਪ੍ਰਚਾਰਕ ਕੇਂਦਰ ਬਣਕੇ ਉੱਭਰ ਚੁੱਕਾ ਹੈ।

ਮਨਪ੍ਰੀਤ ਕੌਰ ਮੋਗਾ, 95927-15090